## ਬਿਨੁ ਹਰਿ ਸਿਮਰਨ ਫੋਕ

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਸੁਖਮਨੀ ਸਾਹਿਬ ਵਿਚ ਬਚਨ ਹਨ ਕਿ ਸਾਰਿਆਂ ਧਰਮਾਂ ਵਿਚੋਂ ਸ੍ਰੇਸ਼ਟ ਧਰਮ ਹੈ, ਪ੍ਰਭੂ ਦੇ ਨਾਮ ਦਾ ਜਾਪ ਅਤੇ ਦੂਜੇ ਨੰਬਰ ਤੇ ਮੈਲ ਰਹਿਤ ਕਰਮ ਕਰਨੇ, ਜਿਸ ਵਿਚ ਚੰਗਾ ਆਚਰਣ ਵੀ ਆਉਂਦਾ ਹੈ - 'ਸਰਬ ਧਰਮ ਮਹਿ ਸ੍ਰੇਸਟ ਧਰਮੁ॥ **ਹਰਿ ਕੋ ਨਾਮੁ ਜਪੁ** ਨਿਰਮਲ ਕਰਮੁ॥' ਇਥੇ ਵੀ ਨਾਮ ਜਪਣਾ ਪਹਿਲਾਂ ਹੈ, ਨਿਰਮਲ ਕਰਮ ਦੂਜੇ ਨੰਬਰ ਤੇ ਹਨ। ਇਹ ਗਲ ਰਾਮਕਲੀ ਰਾਗ ਵਿਚ ਸਪੱਸ਼ਟ ਕਰਦੇ ਹਨ ਕਿ ਸਿਮਰਨ ਹੀ ਸਭ ਤੋਂ ਉਤੱਮ ਕਰਮ ਵੀ ਹੈ, ਇਹੀ ਸ੍ਰੇਸ਼ਟ ਧਰਮ ਵੀ ਹੈ ਜਿਸ ਨਾਲ ਜੀਵ ਦਾ ਉਧਾਰ ਹੋ ਜਾਂਦਾ ਹੈ, ਸਿਮਰਨ ਨਾਲ ਹੀ ਜਨਮਾਂ ਜਨਮਾਂ ਦੇ ਕੀਤੇ ਪਾਪਾਂ ਦਾ ਭਾਰ ਹੌਲਾ ਹੋ ਜਾਂਦਾ ਹੈ - 'ਸਭ ਤੇ ਊਤਮ ਇਹੁ ਕਰਮੁ॥ ਸਗਲ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਸਿਮਰਨ ਤੇਰਾ ਹੋਇ ਉਧਾਰੁ॥ ਜਨਮ ਜਨਮ ਕਾ ਉਤਰੈ ਭਾਰੁ॥'

ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਵਾਹਗੁਰੂ, ਇਕੱਲੇ ਆਚਰਣ ਨਾਲ ਨਹੀਂ ਜਿਤਿਆ ਜਾ ਸਕਦਾ, ਨਾ ਹੀ ਇਕੱਲੇ ਪਾਠ ਪੜ੍ਹ ਲੈਣ ਨਾਲ ਉਸ ਦਾ ਮੁਲ ਪਾਇਆ ਜਾ ਸਕਦਾ ਹੈ - 'ਆਚਾਰੀ ਨਹੀ ਜੀਤਿਆ ਜਾਇ॥ ਪਾਠ ਪੜੈ ਨਹੀ ਕੀਮਤਿ ਪਾਇ॥' ਹੋਰ ਬਚਨ ਕਰਦੇ ਹਨ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਨਾਮ ਜਪੇ ਬਿਨਾ ਚੰਗਾ ਆਚਰਣ ਬਣ ਜਾਏ ? - 'ਨਾਮ ਬਿਨਾ ਕੈਸੇ ਆਚਾਰ॥'

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਬਚਨ ਹਨ ਕਿ ਰਾਜ, ਮਹਲ-ਮਾੜੀਆਂ, ਉਚੇ ਸੋਹਣੇ ਘਰ, ਬਾਦਸ਼ਾਹੀ ਅਤੇ ਪੂਰਾ ਉਚਾ ਆਚਰਣ, ਇਨ੍ਹਾਂ ਸਭ ਦਾ ਸੋਮਾ ਪ੍ਰਭੂ ਦਾ ਨਾਮ ਹੈ। ਪ੍ਰਭੂ ਦਾ ਦਾਸ ਨਾਨਕ ਇਹ ਵੀਚਾਰ ਦਿੰਦਾ ਹੈ ਕਿ ਹਰੀ ਪ੍ਰਭੂ ਦਾ ਨਾਮ ਜਪੇ ਬਿਨਾ, ਇਹ ਸਭ ਮਿਥਿਆ ਹੈ, ਸਭ ਸੁਆਹ ਹੈ - 'ਰਾਜ ਮਾਲ ਸਾਦਨ ਦਰਬਾਰ॥ ਸਿਮਰਤ ਨਾਮ ਪੂਰਨ ਆਚਾਰ॥ ਨਾਨਕ ਦਾਸ ਇਹੁ ਕੀਆ ਬੀਚਾਰੁ॥ ਬਿਨੁ ਹਰਿ ਨਾਮ ਮਿਥਿਆ ਸਭ ਛਾਰੁ॥' ਪਾਤਸ਼ਾਹ ਹੋਰ ਸਪੱਸ਼ਟ ਕਰਦੇ ਹਨ ਕਿ ਸਾਡੇ ਲਈ, ਗੁਰੂ ਸਾਹਿਬਾਨ ਲਈ ਤਾਂ ਨਾਮ ਜਪਣਾ ਹੀ ਸਾਰੇ ਆਚਰਣ ਹਨ, ਨਾਮ ਜਪਣਾ ਹੀ ਸਭ ਨਿਰਮਲ ਵਤੀਰੇ ਹਨ। '**ਹਰਿ ਹਰਿ**', ਭਾਵ, **ਵਾਹਿਗੁਰੂ ਵਾਹਿਗੁਰੂ**.. ਕਰ ਕਰ ਕੇ ਨਾਮ ਜਪਦਿਆਂ ਜਪਦਿਆਂ ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਵਸ ਗਿਆ ਉਨ੍ਹਾਂ ਸਾਰੇ ਜਨਾਂ ਨੂੰ ਹਰੀ ਪ੍ਰਭੂ ਦਾ ਆਸਰਾ ਹੋ ਜਾਂਦਾ ਹੈ, ਤਨ ਮਨ ਨਾਲ ਮਨੁਖ ਪ੍ਰਭੂ ਦਾ ਸਿਮਰਨ ਕਰਦਾ ਹੈ। ਪਰ ਇਹ ਸਭ ਕੁਝ ਉਸ ਨੂੰ ਮਿਲਦਾ ਹੈ ਜਿਸ ਨੂੰ ਪ੍ਰਭੂ ਆਪ ਕਿਸੇ ਮਹਾਤਮਾ ਦੇ ਜ਼ਰੀਏ ਦਿਵਾ ਦਿੰਦਾ ਹੈ - 'ਨਾਮੁ ਹਮਾਰੈ ਸਗਲ ਆਚਾਰ॥ ਨਾਮੁ ਹਮਾਰੈ ਨਿਰਮਲ ਬਿਉਹਾਰ॥ ਜਾ ਕੈ ਮਨਿ ਵਸਿਆ ਪ੍ਰਭੁ ਏਕੁ॥ ਸਗਲ ਜਨਾ ਕੀ ਹਰਿ ਹਰਿ ਟੇਕ॥ ਮਨਿ ਤਨਿ ਨਾਨਕ ਹਰਿ ਗੁਣ ਗਾਉ॥ ਸਾਧ ਸੰਗਿ ਜਿਸੁ ਦੇਵੈ ਨਾਉ॥' ਹੋਰ ਫ਼ੁਰਮਾਣ ਕਰ ਕੇ ਤਾਂ ਪੰਚਮ ਪਾਤਸ਼ਾਹ ਨੇ ਨਿਰਨਾ ਹੀ ਸੁਣਾ ਦਿਤਾ ਕਿ ਸਿਮਰਨ ਤੋਂ ਬਗ਼ੈਰ ਹੋਰ ਜਿਤਨੇ ਵੀ ਆਚਰਣ, ਵਤੀਰੇ ਹਨ, ਸਭ ਫ਼ੋਕ ਹਨ, ਖਾਲੀ ਹਨ, ਸਖਣੇ ਹਨ - 'ਆਨ ਅਚਾਰ ਬਿਉਹਾਰ ਹੈ ਜੇਤੇ ਬਿਨੁ ਹਰਿ ਸਿਮਰਨ ਫੋਕ॥'